ਨਿਊਜ਼ ਰਿਲੀਜ਼

# ਅਲਬਰਟਾ ਦੇ ਸਰਵਉੱਚ ਸਨਮਾਨ ਲਈ ਨਾਮਜ਼ਦਗੀਆਂ ਖੁੱਲ੍ਹ ਗਈਆਂ ਹਨ

16 ਜਨਵਰੀ, 2025 ਮੀਡੀਆ ਪੁੱਛਗਿੱਛ

---

## ਅਲਬਰਟਾ ਵਾਸੀਆਂ ਨੂੰ ਅਲਬਰਟਾ ਆਰਡਰ ਆਫ਼ ਐਕਸੀਲੈਂਸ ਵਿੱਚ ਮੈਂਬਰਸ਼ਿਪ ਵਾਸਤੇ ਉੱਘੇ ਕਮਿਊਨਿਟੀ ਮੈਂਬਰਾਂ, ਨੇਤਾਵਾਂ ਅਤੇ ਖੋਜਕਾਰਾਂ ਨੂੰ ਨਾਮਜ਼ਦ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਹ ਆਰਡਰ ਸੂਬੇ ਦਾ ਸਭ ਤੋਂ ਉੱਚਾ ਸਨਮਾਨ ਹੈ ਅਤੇ ਉਹਨਾਂ ਨਾਗਰਿਕਾਂ ਨੂੰ ਸਨਮਾਨਿਤ ਕਰਦਾ ਹੈ ਜਿਨ੍ਹਾਂ ਨੇ ਆਪਣੇ ਭਾਈਚਾਰਿਆਂ ਲਈ ਮਹੱਤਵਪੂਰਨ ਅਤੇ ਸਥਾਈ ਯੋਗਦਾਨ ਪਾਇਆ ਹੈ। ਮੈਂਬਰਾਂ ਵਿੱਚ ਓਲੰਪੀਅਨ, ਵਿਗਿਆਨੀ, ਵਲੰਟੀਅਰ, ਕਾਰੋਬਾਰੀ ਆਗੂ ਅਤੇ ਕਲਾਕਾਰ ਸ਼ਾਮਲ ਹਨ। 1979 ਵਿੱਚ ਸਥਾਪਿਤ ਕੀਤੇ ਜਾਣ ਤੋਂ ਲੈ ਕੇ ਹੁਣ ਤੱਕ ਅਲਬਰਟਾ ਆਰਡਰ ਆਫ ਐਕਸੀਲੈਂਸ ਵਿੱਚ 220 ਅਲਬਰਟਾ ਵਾਸੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਨਾਮਜ਼ਦਗੀਆਂ ਨੂੰ ਸਾਲ ਭਰ ਸਵੀਕਾਰ ਕੀਤਾ ਜਾਂਦਾ ਹੈ, ਪਰ ਇਸ ਸਾਲ ਸ਼ਾਮਲ ਕੀਤੇ ਜਾਣ ਵਾਸਤੇ ਵਿਚਾਰੇ ਜਾਣ ਲਈ ਇਹ 15 ਫਰਵਰੀ ਤੱਕ ਪ੍ਰਾਪਤ ਹੋ ਜਾਣੀਆਂ ਚਾਹੀਦੀਆਂ ਹਨ।

ਇਹ ਜ਼ਰੂਰੀ ਹੈ ਕਿ ਨਾਮਜ਼ਦ ਕੀਤੇ ਵਿਅਕਤੀ ਇਸ ਸਮੇਂ ਅਲਬਰਟਾ ਵਿੱਚ ਰਹਿ ਰਹੇ ਕੈਨੇਡੀਅਨ ਨਾਗਰਿਕ ਹੋਣ ਅਤੇ, ਜੇ ਉਹਨਾਂ ਨੂੰ ਚੁਣ ਲਿਆ ਜਾਂਦਾ ਹੈ, ਤਾਂ ਉਹ ਸਨਮਾਨ ਸਮਾਰੋਹ ਵਿੱਚ ਸ਼ਾਮਲ ਹੋ ਸਕਣ। ਲੋਕ ਆਪਣੇ ਆਪ ਨੂੰ, ਆਪਣੇ ਪਤੀ/ਪਤਨੀ ਨੂੰ ਜਾਂ ਆਪਣੇ ਨਜ਼ਦੀਕੀ ਪਰਿਵਾਰ ਦੇ ਕਿਸੇ ਮੈਂਬਰ ਨੂੰ ਨਾਮਜ਼ਦ ਨਹੀਂ ਕਰ ਸਕਦੇ ਹਨ।

ਨਾਮਜ਼ਦਗੀ ਦੇ ਦਿਸ਼ਾ-ਨਿਰਦੇਸ਼ਾਂ, ਨਾਮਜ਼ਦਗੀ ਫਾਰਮਾਂ ਅਤੇ ਪਿਛਲੇ ਸ਼ਾਮਲ ਕੀਤੇ ਵਿਅਕਤੀਆਂ ਦੀਆਂ ਜੀਵਨੀਆਂ ਸਮੇਤ ਆਰਡਰ ਬਾਰੇ ਜਾਣਕਾਰੀ, ਅਲਬਰਟਾ ਆਰਡਰ ਆਫ਼ ਐਕਸੀਲੈਂਸ ਦੀ ਵੈੱਬਸਾਈਟ 'ਤੇ ਉਪਲਬਧ ਹੈ।

## ਮੀਡੀਆ ਪੁੱਛ-ਗਿਛ


### ਗੈਰੀ ਜੀ. ਮਾਰ (Gary G. Mar)

587-897-3311
ਮੁਖੀ, ਅਲਬਰਟਾ ਆਰਡਰ ਆਫ ਐਕਸੀਲੈਂਸ ਕੌਂਸਲ

### ਗੇਲ ਸਟੈਨਾਰਡ (Gayle Stannard)

780-953-4020
ਐਕਜ਼ੀਕਿਉਟਿਵ ਡਾਇਰੈਕਟਰ, ਅਲਬਰਟਾ ਆਰਡਰ ਆਫ ਐਕਸੀਲੈਂਸ